# ਦਫਤਰ ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

(ਕੋਵਿਡ-19 ਕੰਟਰੋਲ ਰੂਮ)

ਸੇਵਾ ਵਿਖੇ,

ਵਧੀਕ ਡਾਇਰੈਕਟਰ ਜਨਰਲ ਪੁਲਿਸ,
ਜੇਲ੍ਹਾਂ, ਪੰਜਾਬ, ਚੰਡੀਗੜ੍ਹ।

ਨੰਬਰ ਕੋਵਿਡ-19/ 880 ਮਿਤੀ: 29-04-2020

ਵਿਸ਼ਾ:- **Notification of Alternate Isolation Facility for prisons in Punjab, reg.**

======

ਹਵਾਲਾ: ਆਪ ਜੀ ਦੇ ਦਫਤਰ ਦਾ ਪੱਤਰ ਨੰਬਰ GI/G-1/2898 ਮਿਤੀ 21.04.2020.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਵੱਲੋਂ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ (ਜੇਲ੍ਹਾਂ) (ਜੇਲ੍ਹ ਸ਼ਾਖਾ), ਚੰਡੀਗੜ੍ਹ ਜੀ ਦੇ ਅਧਿਸੂਚਨਾ/ਪਿੱਠਅੰਕਣ ਨੰਬਰ 1/10/2020-2J/B847-851 ਮਿਤੀ 20.04.2020 ਰਾਹੀਂ ਜਾਰੀ ਕੀਤੇ ਗਏ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਦੇ ਨਾਲ Alternate Isolation Facility ਲਈ ਸ਼ਨਾਖਤ ਕੀਤੀਆਂ ਗਈਆ ਸੀ.ਐਚ.ਸੀ., ਫਤਾਹਪੁਰ ਅਤੇ ਸੀਨੀਅਰ ਸੰਕੈਡਰੀ ਸਕੂਲ, ਅੰਮ੍ਰਿਤਸਰ ਦੀਆਂ ਇਮਾਰਤਾਂ ਦੀ ਵਰਤੋਂ ਕਰਨ ਸਬੰਧੀ ਨਿਰੀਖਣ ਕਰਵਾਉਣ ਉਪਰੰਤ ਸਹਿਮਤੀ ਦੇਣ ਲਈ ਲਿਖਿਆ ਗਿਆ ਸੀ। ਇਹਨਾਂ ਇਮਾਰਤਾਂ ਦਾ ਨਿਰੀਖਣ ਸਿਵਲ ਸਰਜਨ, ਅੰਮ੍ਰਿਤਸਰ ਅਤੇ ਸੁਪਰਡੈਂਟ, ਕੇਂਦਰੀ ਜੇਲ੍ਹ, ਅੰਮ੍ਰਿਤਸਰ ਵੱਲੋਂ ਕੀਤਾ ਗਿਆ, ਜਿਨ੍ਹਾਂ ਅਨੁਸਾਰ ਉਕਤ ਦੋਵੇਂ ਇਮਾਰਤਾਂ ਵਿੱਚ ਮੁੱਢਲੀਆਂ ਤਰੁੱਟੀਆਂ ਹੋਣ ਕਾਰਨ ਅਲੱਗ ਆਈਸੋਲੇਸ਼ਨ ਫੈਸਲਿਟੀ ਦੇ ਯੋਗ ਨਹੀਂ ਪਾਈਆਂ ਗਈਆਂ। ਇਹਨਾਂ ਇਮਾਰਤਾਂ ਤੋਂ ਇਲਾਵਾ ਸਿਵਲ ਸਰਜਨ, ਅੰਮ੍ਰਿਤਸਰ ਅਤੇ ਸੁਪਰਡੈਂਟ, ਕੇਂਦਰੀ ਜੇਲ੍ਹ, ਅੰਮ੍ਰਿਤਸਰ ਵੱਲੋਂ ਸੈਂਟ ਜੋਸਫ ਸਕੂਲ, ਭਰਾੜੀਵਾਲ ਅਤੇ ਚੀਫ ਖਾਲਸਾ ਦੀਵਾਨ, ਇੰਟਰਨੈਸ਼ਨਲ ਕਾਲਜ਼, ਅੰਮ੍ਰਿਤਸਰ ਦੀਆਂ ਇਮਾਰਤਾਂ ਦਾ ਵੀ ਨਿਰੀਖਣ ਕੀਤਾ ਗਿਆ ਜੋ ਅਲੱਗ ਆਈਸੋਲੇਸ਼ਨ ਫੈਸਲਿਟੀ ਬਣਨ ਦੇ ਯੋਗ ਪਾਈਆਂ ਗਈਆਂ।

ਇਸ ਲਈ ਸਿਵਲ ਸਰਜਨ ਅਤੇ ਸੁਪਰਡੈਂਟ, ਕੇਂਦਰੀ ਜੇਲ੍ਹ, ਅੰਮ੍ਰਿਤਸਰ ਪਾਸੋਂ ਪ੍ਰਾਪਤ ਹੋਈਆਂ ਰਿਪੋਰਟਾਂ ਨੂੰ ਵਿਚਾਰਨ ਉਪਰੰਤ, ਜੇਕਰ ਆਪ ਦਾ ਵਿਭਾਗ ਇਨ੍ਹਾਂ ਉਪਰ ਦਰਸਾਈਆਂ ਇਮਾਰਤਾਂ ਨੂੰ ਅਲੱਗ ਆਈਸੋਲੇਸ਼ਨ ਫੈਸਲਿਟੀ ਬਣਾਉਣ ਦੇ ਹੁਕਮ ਜਾਰੀ ਕਰਨ ਦਾ ਇੱਛੁਕ ਹੈ, ਤਾਂ ਇਸ ਦਫਤਰ ਨੂੰ ਕੋਈ ਇਤਰਾਜ ਨਹੀਂ ਹੈ ਜੀ।

ਵ/ਸ
ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੱਠਅੰਕਣ ਨੰਬਰ ਕੋਵਿਡ-19/ 881-884 ਮਿਤੀ: 29-04-2020

ਇਸ ਦਾ ਇੱਕ ਉਤਾਰਾ:-

1. ਸੁਪਰਡੈਂਟ, ਕੇਂਦਰੀ ਜੇਲ੍ਹ, ਅੰਮ੍ਰਿਤਸਰ,
2. ਸਿਵਲ ਸਰਜਨ, ਅੰਮ੍ਰਿਤਸਰ,
3. ਪ੍ਰਿਸੀਪਲ, ਚੀਫ ਖਾਲਸਾ ਦੀਵਾਨ, ਇੰਟਰਨੈਸ਼ਨਲ ਕਾਲਜ, ਅੰਮ੍ਰਿਤਸਰ,
4. ਪ੍ਰਿੰਸੀਪਲ, ਸੈਂਟ ਜੋਸਫ ਸਕੂਲ, ਭਰਾੜੀਵਾਲ, ਅੰਮ੍ਰਿਤਸਰ,

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵ/ਸ
ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner